# ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ
## ਇਸ਼ਤਿਹਾਰ ਨੰ. 01/ 2022

ਹੇਠਾਂ ਦਿੱਤੀਆਂ ਅਸਾਮੀਆਂ ਲਈ ਯੋਗ ਉਮੀਦਵਾਰਾਂ ਤੋਂ ਆਨਲਾਈਨ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ। ਉਮੀਦਵਾਰ ਹਰੇਕ ਅਸਾਮੀ ਦੇ ਵਿਰੁੱਧ ਨਿਰਧਾਰਿਤ ਫੀਸ ਸਿਰਫ ਇਲੈਕਟ੍ਰਾਨਿਕ ਮੋਡ ਰਾਹੀਂ ਹੀ ਜਮਾਂ ਕਰਾਉਣ । ਬਿਨੈ-ਪੱਤਰ ਫਾਰਮ ਨੂੰ ਆਨਲਾਈਨ ਜਮ੍ਹਾ ਕਰਨ ਤੋਂ ਬਾਅਦ, ਸਾਰੇ ਉਮੀਦਵਾਰਾਂ ਲਈ ਇਹ ਲਾਜ਼ਮੀ ਹੈ ਕਿ ਉਹ ਭਰੇ ਹੋਏ ਬਿਨੈ-ਪੱਤਰ ਫਾਰਮ ਦਾ ਪ੍ਰਿੰਟਆਊਟ ਲੈਣ ਅਤੇ ਯੋਗਤਾ ਦੇ ਸਬੂਤ, ਤਜ਼ਰਬੇ ਅਤੇ ਹੋਰ ਸਾਰੇ ਸੰਬੰਧਤ ਦਸਤਾਵੇਜ਼ਾਂ ਦੀ ਇੱਕ PDF ਬਣਾ ਕੇ **pau-recruitment@pau.edu ਤੇ ਆਪਣਾ ਫਾਰਮ ਜਮ੍ਹਾਂ ਕਰਾਉਣ। ਇਨ੍ਹਾਂ ਅਸਾਮੀਆਂ ਲਈ ਅਪਲਾਈ ਕਰਨ ਦੀ ਆਖਰੀ ਮਿਤੀ 15.07.2022 ਹੈ।**

| ਨੰ. | ਅਸਾਮੀ ਦਾ ਨਾਮ | ਅਪਲਾਈ ਕਰਨ ਲਈ ਫੀਸ |
|---|---|---|
| 1 | ਸਟੈਨੋ-ਟਾਈਪਿਸਟ | 300 |
| 2 | ਕਲਰਕ | 300 |

**ਛੇਵੇਂ ਪੰਜਾਬ ਪੇਅ ਕਮਿਸ਼ਨ ਦੇ ਅਨੁਸਾਰ ਮਿਲਣਯੋਗ ਪੇਅ-ਸਕੇਲ/ਪੇਅ-ਮੈਟ੍ਰਿਕਸ ਜੋ ਕਿ ਸੱਤਵੇਂ ਕੇਂਦਰੀ ਤਨਖਾਹ ਕਮਿਸ਼ਨ ਤੇ ਅਧਾਰਿਤ ਹੈ**

| ਨੰ. | ਅਸਾਮੀ ਦਾ ਨਾਮ | ਤਨਖਾਹ |
|---|---|---|
| 1 | ਸਟੈਨੋ-ਟਾਈਪਿਸਟ | 21700/- (Level-3) |
| 2 | ਕਲਰਕ | 19900/- (Level-2) |

<u>ਉਪਰੋਕਤ ਅਸਾਮੀਆਂ ਨੂੰ ਆਨਲਾਈਨ ਅਪਲਾਈ ਕਰਨ ਲਈ ਹਦਾਇਤਾਂ:-</u>

1. ਮੰਨਿਆ ਜਾਂਦਾ ਹੈ ਕਿ ਉਮੀਦਵਾਰਾਂ ਨੇ ਆਮ ਜਾਣਕਾਰੀ ਅਤੇ ਆਮ ਜਾਣਕਾਰੀ ਵਿੱਚ ਦਰਸਾਏ ਨਿਯਮਾਂ ਅਤੇ ਸ਼ਰਤਾਂ ਨੂੰ ਪੜ੍ਹਿਆ, ਸਹਿਮਤ ਕੀਤਾ ਅਤੇ ਸਵੀਕਾਰ ਕਰ ਲਿਆ ਹੈ।
   - i) ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ www.pau.edu PAU ਦੀ ਵੈੱਬਸਾਈਟ 'ਤੇ ਦਿੱਤੇ ਗਏ ਲਿੰਕ (pau recruitment ) 'ਤੇ ਖੁਦ ਆਪਣਾ ਬਿਨੈ-ਪੱਤਰ ਫਾਰਮ ਭਰਨ।
   - ii) ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਪੀਏਯੂ ਦੀ ਵੈੱਬਸਾਈਟ 'ਤੇ ਰਜਿਸਟਰ ਕਰਨ ਤੋਂ ਪਹਿਲਾਂ ਉਪਰੋਕਤ ਅਸਾਮੀਆਂ ਲਈ ਆਪਣੀ ਯੋਗਤਾ, ਜਿਵੇਂ ਕਿ ਵਿੱਦਿਅਕ ਯੋਗਤਾਵਾਂ, ਉਮਰ, ਕੰਪਿਊਟਰ ਕੋਰਸ, ਰਾਖਵਾਂਕਰਨ ਸ਼੍ਰੇਣੀ ਅਤੇ ਡੋਮੀਸਾਈਲ ਸਥਿਤੀ ਦੀ ਪੁਸ਼ਟੀ ਕਰਨ।
   - iii) ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਨਲਾਈਨ ਅਰਜ਼ੀ ਫਾਰਮ ਵਿੱਚ ਆਪਣੇ ਵੇਰਵਿਆਂ ਜਿਵੇਂ ਕਿ ਨਾਮ, ਪਿਤਾ ਦਾ ਨਾਮ, ਮਾਤਾ ਦਾ ਨਾਮ, ਜਨਮ ਮਿਤੀ, ਅਸਾਮੀ ਲਈ ਰਾਖਵੀਂ ਸ਼੍ਰੇਣੀ, ਯੋਗਤਾ, ਅਨੁਭਵ ਅਤੇ ਆਪਣੀ ਪਾਸਪੋਰਟ ਸਾਈਜ਼ ਫੋਟੋ ਅਤੇ ਦਸਤਖਤਾਂ ਦੀ ਸੋਫਟ ਕਾਪੀ ਨੂੰ ਧਿਆਨ ਨਾਲ ਭਰਨ ।
   - iv) ਉਮੀਦਵਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬਿਨੈ-ਪੱਤਰ/ਰਜਿਸਟ੍ਰੇਸ਼ਨ ਫਾਰਮ ਦੇ ਆਨਲਾਈਨ ਜਮ੍ਹਾਂ ਕਰਨ ਦੌਰਾਨ ਭਰੀ ਗਈ ਸਾਰੀ ਜਾਣਕਾਰੀ ਸਹੀ ਅਤੇ ਤੱਥਾਂ 'ਤੇ ਆਧਾਰਿਤ ਹੈ। ਆਨਲਾਈਨ ਬਿਨੈ-ਪੱਤਰ ਵਿੱਚ ਉਮੀਦਵਾਰਾਂ ਦੁਆਰਾ ਦਿੱਤੀ ਗਈ ਜਾਣਕਾਰੀ ਨੂੰ ਸਹੀ ਅਤੇ ਸਵੈ-ਪ੍ਰਮਾਣਿਤ ਮੰਨਿਆ ਜਾਵੇਗਾ ਅਤੇ PAU ਕਿਸੇ ਵੀ ਸਥਿਤੀ ਵਿੱਚ, ਉਮੀਦਵਾਰਾਂ ਦੁਆਰਾ ਦਿੱਤੀ ਗਈ ਜਾਣਕਾਰੀ ਵਿੱਚ ਤਬਦੀਲੀ ਦੀ ਬੇਨਤੀ ਨੂੰ ਸਵੀਕਾਰ ਨਹੀਂ ਕਰੇਗਾ।
   - v) ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜੇਕਰ ਉਹ ਕਿਸੇ ਰਿਜ਼ਰਵੇਸ਼ਨ ਸ਼੍ਰੇਣੀ ਅਧੀਨ ਅਰਜ਼ੀ ਦੇ ਰਹੇ ਹਨ ਤਾਂ ਉਹ ਆਪਣੀ ਰਾਖਵਾਂਕਰਨ ਸ਼੍ਰੇਣੀ ਦੀ ਪੁਸ਼ਟੀ ਕਰਨ।
   - vi) ਡਿਸਏਬਿਲਿਟੀਜ਼ ਐਕਟ-2016 ਦੇ ਸੈਕਸ਼ਨ 2(r) ਦੇ ਅਨੁਸਾਰ - "ਬੈਂਚਮਾਰਕ ਡਿਸਏਬਿਲਟੀ ਵਾਲਾ ਵਿਅਕਤੀ" ਦਾ ਅਰਥ ਹੈ ਇੱਕ ਖਾਸ ਅਪੰਗਤਾ ਦੇ 40% ਤੋਂ ਘੱਟ ਨਾ ਹੋਣ ਵਾਲਾ ਵਿਅਕਤੀ ਜਿੱਥੇ ਨਿਰਧਾਰਿਤ ਅਪੰਗਤਾ ਨੂੰ ਮਾਪਣਯੋਗ ਸ਼ਬਦਾਂ ਵਿੱਚ ਪਰਿਭਾਸ਼ਿਤ ਨਹੀਂ ਕੀਤਾ ਗਿਆ ਹੈ ਅਤੇ ਇਸ ਵਿੱਚ ਅਪਾਹਜਤਾ ਵਾਲਾ ਵਿਅਕਤੀ ਸ਼ਾਮਲ ਹੁੰਦਾ ਹੈ ਜਿੱਥੇ ਨਿਰਧਾਰਿਤ ਅਸਮਰਥਤਾ ਨੂੰ ਮਾਪਣਯੋਗ ਸ਼ਬਦਾਂ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ, ਜਿਵੇਂ ਕਿ ਪ੍ਰਮਾਣਿਤ ਅਥਾਰਟੀ ਦੁਆਰਾ ਪ੍ਰਮਾਣਿਤ ਕੀਤਾ ਗਿਆ ਹੈ।
   - vii) ਇਹਨਾਂ ਅਸਾਮੀਆਂ ਲਈ ਅਪਲਾਈ ਕਰਨ ਦੀ ਹੇਠਲੀ ਉਮਰ ਸੀਮਾ ਘੱਟ ਤੋਂ ਘੱਟ 18 ਸਾਲ ਅਤੇ ਉਪਰਲੀ ਹੱਦ 37 ਸਾਲ ਹੈ। ਪੰਜਾਬ/ਹੋਰ ਰਾਜ ਸਰਕਾਰਾਂ ਜਾਂ ਭਾਰਤ ਸਰਕਾਰ ਦੇ ਅਦਾਰਿਆਂ ਵਿੱਚ ਪਹਿਲਾਂ ਤੋਂ ਸਰਕਾਰੀ ਨੌਂਕਰੀ ਕਰਦੇ ਉਮੀਦਵਾਰਾਂ ਲਈ ਉਪਰਲੀ ਉਮਰ ਸੀਮਾ ਵਿੱਚ 45 ਸਾਲ ਤੱਕ ਦੀ ਛੋਟ ਹੋਵੇਗੀ।
   - viii) ਨੋਟੀਫਿਕੇਸ਼ਨ ਨੰਬਰ 14353 ਮਿਤੀ 30.10.2018 ਦੁਆਰਾ ਪ੍ਰਬੰਧਕੀ ਬੋਰਡ ਦੇ ਫੈਸਲੇ ਅਨੁਸਾਰ, ਗੈਰ-ਅਧਿਆਪਨ ਅਸਾਮੀਆਂ ਲਈ ਅਪਲਾਈ ਕਰਨ ਲਈ ਠੇਕੇ ਦੇ ਅਧਾਰ 'ਤੇ ਯੂਨੀਵਰਸਿਟੀ ਵਿੱਚ ਪਹਿਲਾਂ

ਹੀ ਕੰਮ ਕਰ ਰਹੇ ਕਰਮਚਾਰੀਆਂ ਲਈ ਉਮਰ ਵਿੱਚ ਛੋਟ ਵੱਧ ਤੋਂ ਵੱਧ 45 ਸਾਲ ਤੱਕ ਹੋਵੇਗੀ। (ਪੰਜਾਬ ਸਰਕਾਰ ਦੇ ਜਾਰੀ ਨੋਟੀਫਿਕੇਸ਼ਨ ਨੰਬਰ GSR.33/Const./ART/309/94 ਮਿਤੀ 4.5.1994 ਅਨੁਸਾਰ)।

ix) ਉਮੀਦਵਾਰ ਦੀ ਉਮਰ ਉਸ ਸਾਲ ਦੀ 1 ਜਨਵਰੀ ਨੂੰ ਨਿਰਧਾਰਤ ਕੀਤੀ ਜਾਣੀ ਹੈ ਜਿਸ ਵਿੱਚ ਅਸਾਮੀ ਦਾ ਇਸ਼ਤਿਹਾਰ ਦਿੱਤਾ ਜਾ ਰਿਹਾ ਹੈ।

x) ਉਹ ਉਮੀਦਵਾਰ ਜੋ ਨਿਰਧਾਰਿਤ ਪ੍ਰੀਖਿਆ/ਟੈਸਟ ਪਾਸ ਕਰਨਗੇ ਉਹਨਾਂ ਦੇ ਬਿਨੈ-ਪੱਤਰਾਂ ਅਤੇ ਦਸਤਾਵੇਜ਼ਾਂ ਦੀ ਪੜਤਾਲ ਨਿਰਧਾਰਤ ਪ੍ਰੀਖਿਆ ਦੇ ਆਯੋਜਨ ਤੋਂ ਬਾਅਦ ਕੀਤੀ ਜਾਵੇਗੀ। (ਪੜਤਾਲ ਦੀ ਪ੍ਰਕਿਰਿਆ ਦੇ ਦੌਰਾਨ ਉਹਨਾਂ ਉਮੀਦਵਾਰਾਂ ਦੇ ਬਿਨੈ-ਪੱਤਰ ਅਤੇ ਉਹਨਾ ਹੋਰ ਸੰਬੰਧਤ ਦਸਤਾਵੇਜ਼ਾਂ, ਅਸਲ ਸਰਟੀਫਿਕੇਟਾਂ ਆਦਿ ਦੀ ਜਾਂਚ ਕੀਤੀ ਜਾਵੇਗੀ ਜੋ ਕਿ ਉਪਰੋਕਤ ਅਸਾਮੀਆਂ ਲਈ ਰਜਿਸਟ੍ਰੇਸ਼ਨ ਦੀ ਆਖਰੀ ਮਿਤੀ ਤੱਕ ਦੇ ਹੋਣਗੇ)

xi) ਭਰਤੀ ਪ੍ਰਕਿਰਿਆ ਦੇ ਕਿਸੇ ਵੀ ਪੜਾਅ 'ਤੇ ਉਮੀਦਵਾਰਾਂ ਦੁਆਰਾ ਦਾਖਲ ਕੀਤੇ ਗਏ ਕਿਸੇ ਵੀ ਵੇਰਵਿਆਂ ਵਿੱਚ ਤਬਦੀਲੀ ਲਈ ਕਿਸੇ ਵੀ ਬੇਨਤੀ ਨੂੰ ਯੂਨੀਵਰਸਿਟੀ ਦੁਆਰਾ ਸਵੀਕਾਰ ਨਹੀਂ ਕੀਤਾ ਜਾਵੇਗਾ।

xii) ਕਿਸੇ ਵੀ ਉਮੀਦਵਾਰ ਨੂੰ ਫੀਸ ਰਿਆਇਤ/ਛੋਟ ਨਹੀਂ ਦਿੱਤੀ ਜਾਵੇਗੀ। ਜੇਕਰ ਕੋਈ ਉਮੀਦਵਾਰ ਫੀਸ ਜਮ੍ਹਾ ਕਰਵਾਉਣ ਵਿੱਚ ਅਸਫਲ ਰਹਿੰਦਾ/ ਰਹਿੰਦੀ ਹੈ, ਤਾਂ ਉਸਦੀ ਅਰਜ਼ੀ ਆਪਣੇ ਆਪ ਰੱਦ/ਅਸਵੀਕਾਰ ਕਰ ਦਿੱਤੀ ਜਾਵੇਗੀ ਅਤੇ ਅੱਗੇ ਦੀ ਕਾਰਵਾਈ ਲਈ ਵਿਚਾਰ ਨਹੀਂ ਕੀਤਾ ਜਾਵੇਗਾ।

xiii) ਸਿਰਫ਼ ਆਨਲਾਈਨ ਅਰਜ਼ੀ ਫਾਰਮਾਂ 'ਤੇ ਹੀ ਵਿਚਾਰ ਕੀਤਾ ਜਾਵੇਗਾ ਭਾਵ ਡਾਕ ਦੁਆਰਾ/ਵਿਅਕਤੀਗਤ ਤੌਰ 'ਤੇ ਭੇਜੀ ਗਈ ਅਰਜ਼ੀ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਪੀਏਯੂ ਨੂੰ ਭੌਤਿਕ ਤੌਰ 'ਤੇ ਭੇਜੀ ਗਈ ਕੋਈ ਵੀ ਅਰਜ਼ੀ ਇਸੇ ਤਰ੍ਹਾਂ ਰੱਦ ਕਰ ਦਿੱਤੀ ਜਾਵੇਗੀ।

xiv) ਕਿਸੇ ਕਾਰਨ ਕਰਕੇ (ਤਕਨੀਕੀ ਜਾਂ ਹੋਰ) ਜੇਕਰ ਨਿਰਧਾਰਤ ਫੀਸ ਦਾ ਭੁਗਤਾਨ ਨਹੀਂ ਕੀਤਾ ਜਾਂਦਾ ਹੈ, ਤਾਂ ਅਰਜ਼ੀ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

xv) ਰਾਖਵਾਂਕਰਨ ਅਤੇ ਉਮਰ ਵਿੱਚ ਛੋਟ, ਪੰਜਾਬ ਸਰਕਾਰ ਦੀਆਂ ਜੋ ਵੀ ਹਦਾਇਤਾਂ ਯੂਨੀਵਰਸਿਟੀ ਦੇ ਬੋਰਡ ਆਫ਼ ਮੈਨੇਜਮੈਂਟ ਦੇ ਫੈਸਲੇ ਅਨੁਸਾਰ ਯੂਨੀਵਰਸਿਟੀ ਵਿੱਚ ਲਾਗੂ ਹਨ, ਦੇ ਅਨੁਸਾਰ ਦਿੱਤੀ ਜਾਵੇਗੀ।

xvi) ਇਹ ਯੂਨੀਵਰਸਿਟੀ ਲੁਧਿਆਣਾ ਵਿਖੇ ਆਪਣੇ ਕਿਸੇ ਵੀ ਦਫ਼ਤਰ ਦੇ ਨਾਲ-ਨਾਲ ਬਾਹਰਲੇ ਸਟੇਸ਼ਨਾ 'ਤੇ ਸਥਿਤ ਆਪਣੇ ਦਫ਼ਤਰਾਂ ਵਿੱਚ ਆਪਣੇ ਕਰਮਚਾਰੀਆਂ ਦੀ ਤਾਇਨਾਤੀ/ਤਬਾਦਲਾ ਕਰਨ ਦਾ ਅਧਿਕਾਰ ਰਾਖਵਾਂ ਰੱਖਦੀ ਹੈ।

xvii) ਉਪਰੋਕਤ ਅਸਾਮੀ ਸੰਬੰਧੀ ਸਾਰੇ ਸੋਧ/ਅਪਡੇਟਸ ਅਤੇ ਨੋਟਿਸ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਵੈੱਬਸਾਈਟ www.pau.eduਤੇ ਹੀ ਜਾਰੀ ਕੀਤੇ ਜਾਣਗੇ ਇਸ ਲਈ ਉਮੀਦਵਾਰਾਂ ਨੂੰ ਨਿਯਮਤ ਆਧਾਰ 'ਤੇ ਵੈਬਸਾਈਟ 'ਤੇ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ। ਉਪਰੋਕਤ ਵੈੱਬਸਾਈਟ 'ਤੇ ਅਪਲੋਡ ਕੀਤੀ ਗਈ ਕੋਈ ਵੀ ਜਾਣਕਾਰੀ ਉਮੀਦਵਾਰਾਂ ਤੱਕ ਪਹੁੰਚ ਗਈ ਮੰਨੀ ਜਾਵੇਗੀ ਅਤੇ ਸਾਈਟ 'ਤੇ ਨਾ ਜਾਣ ਅਤੇ ਸਮੇਂ ਸਿਰ ਜਵਾਬ ਨਾ ਦੇਣ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਉਮੀਦਵਾਰਾਂ ਦੀ ਹੋਵੇਗੀ। ਡਾਕ ਜਾਂ ਹੋਰ ਸਾਧਨਾਂ ਰਾਹੀਂ ਕੋਈ ਵੱਖਰੀ ਜਾਣਕਾਰੀ ਨਹੀਂ ਭੇਜੀ ਜਾਵੇਗੀ।

**2. <u>ਤਨਖਾਹ ਸਕੇਲ ਅਤੇ ਭੱਤੇ:</u>**

i) ਇਹਨਾਂ ਅਸਾਮੀਆਂ ਲਈ ਤਨਖ਼ਾਹ ਸਕੇਲ ਅਤੇ ਹੋਰ ਸ਼ਰਤਾਂ ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-ਸ਼ਾਖਾ 1) ਦੇ ਨੋਟੀਫਿਕੇਸ਼ਨ ਨੰਬਰ 7/204/2012-4FP1/60 ਅਤੇ ਸਰਕੂਲਰ ਨੰ.7/204/2012-4FP1/66 ਮਿਤੀ 15.1.2015 ਅਤੇ ਵਿੱਤ ਪ੍ਰਸੋਨਲ-1 ਬ੍ਰਾਂਚ ਦੇ ਪੱਤਰ ਨੰਬਰ 07/204/2012-4FP1/853793/1ਮਿਤੀ 4.10.2016 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਦੇ ਮੁਤਾਬਿਕ ਹੋਣਗੀਆਂ ਅਤੇ ਇਸ ਸਬੰਧ ਵਿਚ ਸਮੇਂ-ਸਮੇਂ ਤੇ ਜਾਰੀ ਹੋਰ ਹਦਾਇਤਾਂ ਵੀ ਲਾਗੂ ਹੋਣਗੀਆਂ।

ii) ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ- ਸ਼ਾਖਾ 1) ਦੁਆਰਾ ਜਾਰੀ ਪੱਤਰ ਨੰਬਰ 7/87/2020-5FP1/1145 ਮਿਤੀ 29.10.2020 ਅਤੇ ਪੱਤਰ ਨੰਬਰ 7/42/2020-5FP1/ 741-746 ਮਿਤੀ 17.7.2020 ਦੇ ਅਨੁਸਾਰ, **ਕਲਰਕ ਦੇ ਅਹੁਦੇ ਲਈ ਘੱਟੋ-ਘੱਟ ਤਨਖਾਹ ਰੁਪਏ 19900/- (ਪੱਧਰ-2) ਅਤੇ ਸਟੈਨੋ-ਟਾਈਪਿਸਟ ਦੇ ਅਹੁਦੇ ਲਈ 21700/- (ਲੈਵਲ-3) ਹੋਵੇਗੀ।** ਪੰਜਾਬ ਸਰਕਾਰ ਦੁਆਰਾ ਸਮੇਂ-2 ਤੇ ਇਸ ਸਬੰਧੀ ਜਾਰੀ ਕੋਈ ਹੋਰ ਹਦਾਇਤਾਂ ਵੀ ਇੰਨ-ਬਿੰਨ ਲਾਗੂ ਹੋਣਗੀਆਂ।

**<u>ਅਪਲਾਈ ਕਰਨ ਦੀ ਵਿਧੀ</u>**

ਉਮੀਦਵਾਰ ਸਿਰਫ਼ ਆਨਲਾਈਨ ਅਪਲਾਈ ਕਰ ਸਕਦੇ ਹਨ।

**<u>ਆਨਲਾਈਨ ਮੋਡ</u>**

ਉਮੀਦਵਾਰ ਹਰ ਅਸਾਮੀ ਲਈ ਵੱਖਰੇ ਤੌਰ ਤੇ 300/- ਰੁਪਏ ਫੀਸ ਦਾ ਆਨਲਾਈਨ ਭੁਗਤਾਨ ਕਰਨਗੇ। ਹਰ ਅਸਾਮੀ ਲਈ ਉਮੀਦਵਾਰ ਆਪਣੀ ਇੱਕ ਵੱਖਰੀ ਈ - ਮੇਲ ਆਈਡੀ ਰਾਹੀਂ pau-recruitment@pau.edu ਉੱਪਰ ਵੱਖੋ-ਵੱਖਰਾ ਬਿਨੈ-ਪੱਤਰ ਭੇਜੇਗਾ।

1. ਉਮੀਦਵਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਹੋਮ ਪੇਜ www.pau.edu ਤੇ ਜਾ ਕੇ "PAU RECRUITMENT" ਲਿੰਕ ਨੂੰ ਖੋਲਣ। ਇਹ ਲਿੰਕ 17.06.2022 ਨੂੰ ਸਵੇਰੇ 10.00 ਵਜੇ ਤੋਂ 15.07.2022 ਸ਼ਾਮ 4.00 ਵਜੇ ਤੱਕ ਖੁੱਲ੍ਹਾ ਰਹੇਗਾ।
2. ਬਿਨੈ ਪੱਤਰ ਭਰਨ ਲਈ ਉਮੀਦਵਾਰ ਦੀ ਇੱਕ ਸਾਫ ਰੰਗੀਨ ਤਾਜ਼ਾ ਪਾਸਪੋਰਟ ਆਕਾਰ ਫੋਟੋ ਦੀ 50 kb ਅਤੇ ਕਾਲੀ/ਨੀਲੀ ਇੰਕ ਨਾਲ ਦਸਤਖਤਾਂ ਦੀ JPG/JPEG ਫਾਰਮੈਟ ਵਿੱਚ 50 kb ਸਾਈਜ਼ ਫੋਟੋ ਸਕੈਨ ਕਰਕੇ ਅਪਲੋਡ ਕੀਤੀ ਜਾਵੇ।
3. ਐਪਲੀਕੇਸ਼ਨ ਭਰਨ ਤੋਂ ਬਾਅਦ ਉਮੀਦਵਾਰ ਵੱਲੋਂ 'Submit' ਬਟਨ ਤੇ ਕਲਿੱਕ ਕਰਨਾ ਲਾਜ਼ਮੀ ਹੈ।
4. ਉਮੀਦਵਾਰ ਇਹ ਯਕੀਨੀ ਬਣਾਉਣ ਕੀ ਜੋ ਵੀ ਈ - ਮੇਲ ਅਤੇ ਮੋਬਾਈਲ ਉਹਨਾਂ ਵੱਲੋਂ ਐਪਲੀਕੇਸ਼ਨ ਵਿੱਚ ਪ੍ਰਦਾਨ ਕੀਤਾ ਗਿਆ ਹੈ, ਉਹ ਉਹਨਾਂ ਦਾ ਆਪਣਾ ਹੈ ਕਿਉਂਕਿ ਯੂਨੀਵਰਸਿਟੀ ਦੁਆਰਾ ਮਹੱਤਵਪੂਰਨ ਜਾਣਕਾਰੀ ਉਮੀਦਵਾਰ ਵੱਲੋਂ ਐਪਲੀਕੇਸ਼ਨ ਵਿੱਚ ਦਰਸਾਏ ਈ - ਮੇਲ ਅਤੇ ਮੋਬਾਈਲ ਨੰ. ਰਾਹੀਂ ਹੀ ਭੇਜੀ ਜਾਵੇਗੀ।
5. ਇੱਕ ਵੈਰੀਫਿਕੇਸ਼ਨ ਲਿੰਕ ਉਮੀਦਵਾਰ ਦੀ ਈ-ਮੇਲ ਆਈਡੀ 'ਤੇ ਭੇਜਿਆ ਜਾਵੇਗਾ। ਉਮੀਦਵਾਰ ਆਪਣੇ ਐਪਲੀਕੇਸ਼ਨ ਪ੍ਰਕੀਰਿਆ ਨੂੰ ਪੂਰਾ ਕਰਨ ਲਈ ਭੇਜੇ ਗਏ ਵੈਰੀਫਿਕੇਸ਼ਨ ਲਿੰਕ 'ਤੇ ਕਲਿੱਕ ਕਰਨਾ ਹੋਵੇਗ।
6. ਵੈਰੀਫਿਕੇਸ਼ਨ ਤੋਂ ਬਾਅਦ ਉਮੀਦਵਾਰ ਆਪਣੀ ਈ-ਮੇਲ ਆਈ.ਡੀ ਅਤੇ ਜਨਮ ਤਾਰੀਖ ਦੀ ਵਰਤੋਂ ਕਰਕੇ ਲੋਗ-ਇਨ ਕਰਕੇ ਐਪਲੀਕੇਸ਼ਨ ਲਈ ਲੋੜੀਂਦੀ ਫੀਸ ਭਰਨਗੇ ਅਤੇ ਪ੍ਰਿੰਟ ਲੈਣਗੇ। ਐਪਲੀਕੇਸ਼ਨ ਫਾਰਮ ਦੇ ਸਿਖਰ ਤੇ ਇੱਕ ਵਿਲੱਖਣ ਪਛਾਣ (UID) ਨੰਬਰ/ਐਪਲੀਕੇਸ਼ਨ ਨੰਬਰ ਹੋਵੇਗਾ।

   (ੳ) ਉਮੀਦਵਾਰ ਫੀਸ ਦਾ ਭੁਗਤਾਨ ਆਨਲਾਈਨ ਮੋਡ ਰਾਹੀਂ ਕਰਨਗੇ ਜਿਵੇਂ ਕਿ ਕਰੈਡਿਟ ਕਾਰਡ/ ਡੈਬਿਟ ਕਾਰਡ / UPI/E-banking ਰਾਹੀਂ ਕਰਨਗੇ।
7. ਬਿਨੈ-ਪੱਤਰ ਫਾਰਮ ਨੂੰ ਸਫਲਤਾਪੂਰਵਕ ਪੂਰਾ ਕਰਨ ਤੋਂ ਬਾਅਦ ਅਰਜ਼ੀ ਫਾਰਮ ਦਾ ਪ੍ਰਿੰਟ ਆਊਟ ਲਓ। ਪ੍ਰਿੰਟ ਕੀਤੇ ਅਰਜ਼ੀ ਫਾਰਮ 'ਤੇ ਅਸਲ ਦਸਤਖਤ ਕਰਨ ਤੋਂ ਬਾਅਦ, PDF ਫਾਰਮੈਟ ਵਿੱਚ ਫਾਰਮ ਅਤੇ ਸਾਰੇ ਸਰਟੀਫਿਕੇਟਾਂ ਦੀਆਂ ਕਾਪੀਆਂ pau-recruitment@pau.edu 'ਤੇ ਭੇਜਣਾ ਹੋਵੇਗਾ। ਇਹ ਸਾਰੇ ਉਮੀਦਵਾਰਾਂ ਲਈ ਲਾਜ਼ਮੀ ਹੈ।
8. ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਨਿਯਮਤ ਤੌਰ ਤੇ ਪੀਏਯੂ ਦੀ ਵੈੱਬ www.pau.edu ਦੀ ਜਾਂਚ ਕਰਦੇ ਰਹਿਣ ਅਤੇ ਆਪਣੀ ਈ-ਮੇਲ/ਐਸਐਮਐਸ ਵੀ ਚੈੱਕ ਕਰਦੇ ਰਹਿਣ।
9. ਪੀ.ਏ.ਯੂ ਕਿਸੇ ਵੀ ਦੇਣਦਾਰੀ ਤੋਂ ਇਨਕਾਰ ਕਰਦਾ ਹੈ ਜੋ ਉਮੀਦਵਾਰ ਦੁਆਰਾ ਆਨਲਾਈਨ ਰਜਿਸਟਰੇਸ਼ਨ ਪ੍ਰਕ੍ਰਿਆ ਦੌਰਾਨ ਦਿੱਤੀ ਗਈ ਗਲਤ ਜਾਣਕਾਰੀ ਦੇ ਕਾਰਨ ਉਮੀਦਵਾਰ ਲਈ ਪੈਦਾ ਹੋ ਸਕਦੀ ਹੈ।